



# ਜ਼ਿਲ੍ਹਾ ਮੰਡੀ ਅਫ਼ਸਰ

ਆਮ ਲੋਕਾਂ ਨੂੰ ਮੰਡੀ ਬੋਰਡ ਵੱਲੋਂ ਹੇਠ ਲਿਖੇ ਅਨੁਸਾਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

1. ਮੰਡੀਆਂ ਵਿੱਚ ਜਾਂ ਖੇਤਾਂ ਵਿੱਚ ਲੇਬਰ ਦਾ ਕੰਮ ਕਰਦਿਆਂ ਜਾਂ ਖੇਤੀ ਬਾੜੀ ਦਾ ਕੰਮ ਕਰਦਿਆਂ ਜੇ ਥਰੈਸ਼ਰ ਹਾਦਸੇ ਨਾਲ, ਟਰੈਕਟਰ ਨਾਲ, ਬਿਜਲੀ ਦਾ ਕਰੰਟ ਲਗਣ ਨਾਲ, ਫਸਲਾਂ ਤੇ ਦਵਾਈ ਛਿੜਕਣ ਸਮੇਂ ਜਾਂ ਖੇਤੀ ਬਾੜੀ ਦਾ ਕੰਮ ਕਰਦੇ ਸਮੇਂ ਸੱਪ ਲੜਨ ਨਾਲ ਮੌਤ ਹੋ ਜਾਂਦੀ ਹੈ ਤਾਂ 75000/- ਰੁਪਏ ਜਿਸ ਮਾਰਕੀਟ ਕਮੇਟੀ ਵਿੱਚ ਪਿੰਡ ਪੈਂਦਾ ਹੋਵੇ, ਉਸ ਕਮੇਟੀ ਵੱਲੋਂ ਦਿੱਤਾ ਜਾਂਦਾ ਹੈ ਅਤੇ ਇੱਕ ਹੱਥ ਕੱਟਣ ਨਾਲ 30000/- ਰੁਪਏ, ਇੱਕ ਉਂਗਲੀ ਕੱਟ ਜਾਵੇ ਤਾਂ ਮਾਲੀ ਮਦਦ 7500/- ਰੁਪਏ ਦਿੱਤੀ ਜਾਂਦੀ ਹੈ। ਇਹ ਮਾਲੀ ਮਦਦ ਲੈਣ ਲਈ ਹਾਦਸੇ ਦੀ ਮਿਤੀ ਤੋਂ ਇੱਕ ਮਹੀਨੇ ਦੇ ਵਿੱਚ-ਵਿੱਚ ਸਬੰਧਤ ਮਾਰਕੀਟ ਕਮੇਟੀ ਵਿਚੇ ਮਦਦ ਲੈਣ ਲਈ ਸਾਦੀ ਦਰਖਾਸਤ ਦੇਣੀ ਹੁੰਦੀ ਹੈ। ਮਾਰਕੀਟ ਕਮੇਟੀ ਵੱਲੋਂ ਜੋ-ਜੋ ਫਾਰਮ ਭਰਾਉਣੇ ਹੁੰਦੇ ਹਨ, ਉਨ੍ਹਾਂ ਦਾ ਇੱਕ ਸੈਟ ਬੇਨਤੀ ਪੱਤਰ ਦੇਣ ਵਾਲੇ ਨੂੰ ਦਿੱਤਾ ਜਾਂਦਾ ਹੈ ਜੋ ਕਿ 3 ਮਹੀਨੇ ਵਿੱਚ ਸਾਰੀ ਕਾਰਵਾਈ ਕਰਕੇ ਮਾਰਕੀਟ ਕਮੇਟੀ ਵਿਖੇ ਜਮਾਂ ਕਰਵਾਉਣਾ ਹੁੰਦਾ ਹੈ। ਇਸ ਬਾਰੇ ਪੰਜਾਬ ਮੰਡੀ ਬੋਰਡ ਵੱਲੋਂ ਇੱਕ ਕਮੇਟੀ ਗਠਿਤ ਹੈ ਜਿਸ ਵਿੱਚ ਡੀ.ਐਮ.ਓ./ਡੀ.ਡੀ.ਐਮ.ਓ., ਪ੍ਰਧਾਨ ਮਾਰਕੀਟ ਕਮੇਟੀ, ਸਕੱਤਰ ਮਾਰਕੀਟ ਕਮੇਟੀ ਮੈਂਬਰ ਹਨ। ਜੋ ਵੀ ਮਾਲੀ ਮਦਦ ਲਈ ਫਾਰਮ ਭਰਦਾ ਹੈ ਉਸਨੂੰ ਸੂਚਿਤ ਕਰਕੇ ਇੰਟਰਵਿਊ ਕਰਦੇ ਹਨ ਅਤੇ ਰਿਕਾਰਡ ਵੇਖ ਕੇ ਇਹ ਕਮੇਟੀ ਰਕਮ ਪ੍ਰਵਾਨ ਕਰ ਦਿੰਦੀ ਹੈ ਅਤੇ ਇੱਕ ਹਫ਼ਤੇ ਦੇ ਬਾਦ ਸਬੰਧਤ ਮਾਰਕੀਟ ਕਮੇਟੀ ਵੱਲੋਂ ਅਦਾਇਗੀ ਕਰ ਦਿੱਤੀ ਜਾਂਦੀ ਹੈ।

2. ਹਰ ਕਿਸਾਨ ਲਈ ਜੋ ਵੀ ਖੇਤੀ ਬਾੜੀ ਜਿਨਸ ਪੈਦਾ ਕਰਦਾ ਹੈ, ਉਹ ਆਪਣੀ ਫਸਲ ਖੁਲ੍ਹੀ ਬੋਲੀ ਰਾਹੀਂ ਪੰਜਾਬ ਸਰਕਾਰ ਵੱਲੋਂ ਘੋਸ਼ਿਤ ਮੰਡੀਆਂ ਵਿੱਚ ਵੇਚ ਸਕਦਾ ਹੈ। ਫਸਲ ਵੇਚਣ ਤੇ ਉਸਨੂੰ ਕੋਈ ਟੈਕਸ ਨਹੀਂ ਲਗਦਾ ਹੈ।

3. ਨਿਸ਼ਚਿਤ ਕੀਤੀਆਂ ਮੰਡੀਆਂ ਵਿੱਚ ਫਸਲ ਵੇਚਣ ਤੇ ਕਿਸਾਨ ਨੂੰ ਮੌਕੇ ਤੇ ਰਕਮ ਦੀ ਅਦਾਇਗੀ ਕੀਤੀ ਜਾਂਦੀ ਹੈ ਅਤੇ ਆੜ੍ਹਤੀ ਵੱਲੋਂ ਪੱਕਾ ਪਰਚਾ ਵੀ ਦਿੱਤਾ ਜਾਂਦਾ ਹੈ। ਜੇ ਕਿਸੇ ਕਿਸਾਨ ਨੂੰ ਫਸਲ ਵੇਚਣ ਵਿੱਚ ਔਕੜ ਪੇਸ਼ ਆਵੇ ਤਾਂ ਸਬੰਧਤ ਕਮੇਟੀ ਸਕੱਤਰ, ਮੰਡੀ ਸੁਪਰਵਾਈਜ਼ਰ/ਆਕਸ਼ਨ ਰਿਕਾਰਡ ਨਾਲ ਤਾਲ ਮੇਲ ਕਰਕੇ ਦੱਸ ਸਕਦਾ ਹੈ।

4. ਕਿਸੇ ਵੀ ਵਿਅੱਕਤੀ ਨੇ ਜੋ ਆਪਣੀ ਆਮਦਨ ਲਈ ਆੜਤ ਦਾ ਕੰਮ ਕਰਨਾ ਚਾਹੁੰਦਾ ਹੋਵੇ ਤਾਂ ਉਹ ਉਸ ਏਰੀਏ ਦੇ ਸਕੱਤਰ ਮਾਰਕੀਟ ਕਮੇਟੀ ਪਾਸੋਂ ਜਾਣਕਾਰੀ ਲੈਕੇ 100/-ਰੁਪਏ ਲਾਈਸੈਂਸ ਫੀਸ ਜਮਾਂ ਕਰਵਾ ਕੇ ਲਾਈਸੈਂਸ ਲੈ ਸਕਦਾ ਹੈ। ਮੰਡੀ ਵਿੱਚ ਉਸ ਪਾਸ ਆਪਣਾ ਦਫ਼ਤਰ ਖੋਲ੍ਹਣ ਲਈ ਪੱਕਾ ਥਾਂ ਦਾ ਹੋਣਾ ਜ਼ਰੂਰੀ ਹੈ ਅਤੇ ਉਹ ਸਾਂਝੇ ਫੜ੍ਹ ਤੋਂ, ਜਿਸ ਦੀ ਉਸਾਰੀ ਮਾਰਕੀਟ ਕਮੇਟੀ ਵੱਲੋਂ ਕੀਤੀ ਹੁੰਦੀ ਹੈ, ਉਸ ਤੇ ਖਰੀਦ/ਵੇਚ ਦਾ ਕੰਮ ਕਰ ਸਕਦਾ ਹੈ।

5. ਆਮ ਲੋਕਾਂ ਲਈ ਸਸਤੀ ਸਬਜੀ ਜਿਸ ਤਰ੍ਹਾਂ ਖਾਣ ਨੂੰ ਮਿਲ ਸਕੇ, ਉਸ ਮਕਸਦ ਲਈ ਹੁਸ਼ਿਆਰਪੁਰ ਸ਼ਹਿਰ ਵਿੱਚ ਪੰਜ ਜਗ੍ਹਾ ਮੰਡੀ ਲਗਾਈ ਜਾਂਦੀ ਹੈ, ਜਿਸ ਵਿੱਚ ਕਿਸਾਨ ਸਿੱਧੇ ਤੌਰ ਤੇ ਜੋ ਖਾਣ ਵਾਲਾ ਸਬਜੀ ਲੈਂਦਾ ਹੈ, ਉਸ ਨੂੰ ਵੇਚਦਾ ਹੈ। ਮਹਿਕਮੇ ਵੱਲੋਂ ਕੋਈ ਖਰਚਾ ਨਹੀਂ ਲਗਾਇਆ ਜਾਂਦਾ ਹੈ। ਇਹ ਮੰਡੀ ਮਾਡਲ ਟਾਉਨ ਵਿਖੇ ਸੋਮਵਾਰ ਅਤੇ ਵੀਰਵਾਰ, ਕ੍ਰਿਸ਼ਨਾ ਨਗਰ ਵਿਖੇ ਐਤਵਾਰ, ਨਵੀਂ ਅਬਾਦੀ ਵਿਖੇ ਸ਼ਨੀਵਾਰ ਅਤੇ ਮੰਗਲਵਾਰ, ਸਰਾਜਾਂ ਚੌਕ ਵਿਖੇ ਸ਼ੁੱਕਰਵਾਰ, ਕੱਚਾ ਟੋਬਾ ਵਿਖੇ ਬੁੱਧਵਾਰ ਨੂੰ ਲਗਾਈ ਜਾਂਦੀ ਹੈ। ਕਿਸਾਨ ਵੱਲੋਂ

ਮਾਰਕੀਟ ਕਮੇਟੀ ਨੂੰ ਇੱਕ ਅਰਜ਼ੀ ਦਿੱਤੀ ਜਾਂਦੀ ਹੈ। ਜਿਸ ਤੇ ਮਾਰਕੀਟ ਕਮੇਟੀ ਅਡੈਂਟੀ ਕਾਰਡ ਬਣਾ ਕੇ ਦਿੰਦੀ ਹੈ ਅਤੇ ਉਹ ਕਿਸਾਨ ਆਪਣੀ ਮੰਡੀ ਵਿੱਚ ਸਿੱਧਾ ਸਮਾਨ ਵੇਚ ਸਕਦਾ ਹੈ। ਕਿਸਾਨ ਨੂੰ 2 ਰੁਪਏ ਮਾਰਕੀਟ ਕਮੇਟੀ ਨੂੰ ਐਂਟਰੀ ਫੀਸ ਦੇਣੀ ਹੁੰਦੀ ਹੈ। ਮਾਰਕੀਟ ਕਮੇਟੀ ਰੇਟ ਫਿਕਸ ਕਰਦੀ ਹੈ। ਜ਼ਿੰਮੀਂਦਾਰ ਨੂੰ ਵੀ ਘਾਟਾ ਨਾ ਪਵੇ ਅਤੇ ਖਰੀਦਦਾਰ ਨੂੰ ਵੀ ਮਹਿੰਗੀ ਸਬਜ਼ੀ ਨਾ ਮਿਲੇ ਜਿਸ ਰੇਟ ਤੇ ਬਜ਼ਾਰੋਂ ਮਿਲਦੀ ਹੈ।

6. ਮੁੱਖ ਮੰਡੀਆਂ ਵਿੱਚ ਸੀਜ਼ਨ ਦੌਰਾਨ ਕਿਸਾਨਾਂ ਦੀ ਸਹੂਲਤ ਲਈ ਪਬਲਿਕ ਐਡਰੇਸ ਸਿਸਟਮ ਲਗਾਇਆ ਜਾਂਦਾ ਹੈ । ਜਿਸ ਰਾਹੀਂ ਖਰੀਦਦਾਰ ਵੱਲੋਂ ਕੱਟੇ ਖਰਚੇ ਅਤੇ ਰੇਟ ਸਬੰਧੀ ਜਾਣੂ ਕੀਤਾ ਜਾਂਦਾ ਹੈ।

7. ਆਮ ਕਿਸਾਨਾਂ ਦੀ ਸਹੂਲਤ ਲਈ ਆਪਣੇ ਖੇਤਾਂ ਤੋਂ ਦੂਰ ਫਸਲ ਵੇਚਣ ਲਈ ਨਾ ਜਾਣਾ ਪਵੇ, ਨੇੜੇ ਤੋਂ ਨੇੜੇ ਖਰੀਦ ਕੇਂਦਰ ਖੋਲ੍ਹੇ ਹੋਏ ਹਨ, ਜਿੱਥੇ ਪੱਕੇ ਫੜ੍ਹ ਬਣੇ ਹੋਏ ਹਨ, ਤਾਂ ਜੋ ਜ਼ਿੰਮੀਂਦਾਰ ਦੀ ਫਸਲ ਦਾ ਨੁਕਸਾਨ ਨਾ ਹੋਵੇ। ਇਸ ਤਰ੍ਹਾਂ ਜ਼ਿਲ੍ਹੇ ਵਿੱਚ 63 ਖਰੀਦ ਕੇਂਦਰ ਹਨ, ਜੋ ਹਾੜ੍ਹੀ ਸਾਉਣੀ ਫਸਲ ਲਈ ਖੋਲ੍ਹੇ ਜਾਂਦੇ ਹਨ। ਇਹ ਨਿਮਨਲਿਖਤ ਮੰਡੀਆਂ ਜੋ ਜ਼ਿੰਮੀਂਦਾਰ ਨੂੰ ਸਹੂਲਤਾਂ ਦਿੰਦੀਆਂ ਹਨ, ਜਿਸ ਵਿੱਚ ਕਿਸਾਨਾਂ ਨੂੰ ਬੈਠਣ ਦਾ ਪ੍ਰਬੰਧ, ਪਾਣੀ, ਛਾਂ ਤੇ ਲਾਈਟ ਦਾ ਪ੍ਰਬੰਧ ਵੀ ਹੁੰਦਾ ਹੈ।

8. ਸਬਜ਼ੀ ਮੰਡੀਆਂ- ਕਿਸਾਨਾਂ ਦੀ ਸਹੂਲਤ ਲਈ ਦਾਣਾ ਮੰਡੀਆਂ ਤੋਂ ਵੱਖਰੀਆਂ ਸਬਜ਼ੀ ਮੰਡੀਆਂ ਸਥਾਪਤ ਕੀਤੀਆਂ ਹੋਈਆਂ ਹਨ। ਜਿਸ ਵਿੱਚ ਪੱਕੇ ਫੜ ਅਤੇ ਕਵਰਸ਼ੈਡ ਬਣੇ ਹੋਏ ਹਨ ਤਾਂ ਜੋ ਵੇਚਣ ਵਾਲੇ ਕਿਸਾਨ ਦੀ ਫਸਲ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

## ਮੰਡੀਆਂ ਦੀ ਲਿਸਟ

**ਹੁਸ਼ਿਆਰਪੁਰ ਦੀਆਂ ਮੰਡੀਆਂ ਦੇ ਨਾਮ:**

ਹੁਸ਼ਿਆਰਪੁਰ, ਜੱਲੋਵਾਲ, ਗੜ੍ਹਦੀਵਾਲਾ, ਰਾਜਪੁਰ ਭਾਈਆਂ, ਸੀਕਰੀ, ਪੰਡੋਰੀ ਮਾਇਲ, ਆਹਰਕੁੰਟਾਂ, ਚੱਬੇਵਾਲ, ਹਰਿਆਣਾ, ਕੰਗਮਾਈ, ਫੁਗਲਾਣਾ, ਡਵਿੰਡਾ ਰਿਹਾਣਾ, ਨਸਰਾਲਾ, ਕਾਂਗਚੇਰੀ , ਜੌਹਲਾਂ , ਸ਼ਾਮਚੌਰਾਸੀ , ਚੁਟਾਲਾ

**ਬਲਾਕ ਟਾਂਡਾ ਦੀਆਂ ਮੰਡੀਆਂ ਦੇ ਨਾਮ:**

ਟਾਂਡਾ, ਮਿਆਣੀ, ਨੂਰਪੁਰ , ਘੋੜਾਵਾਹਾ , ਜਲਾਲਪੁਰ , ਖੋਖਰ, ਕੰਧਾਲਾ ਜੱਟਾਂ

**ਬਲਾਕ ਦਸੂਹਾ ਦੀਆਂ ਮੰਡੀਆਂ ਦੇ ਨਾਮ:**

ਦਸੂਹਾ , ਬਾਜਾ ਚੱਕ, ਖੁਣ ਖੁਣ ਕਲਾਂ , ਸਫਦਰਪੁਰ, ਆਲਮਪੁਰ , ਰਵਾਂ , ਘੋਗਰਾਂ, ਪੱਸੀ ਕੰਡੀ

**ਬਲਾਕ ਮੁਕੇਰੀਆਂ ਦੀਆਂ ਮੰਡੀਆਂ ਦੇ ਨਾਮ:**

ਮੁਕੇਰੀਆਂ, ਭੰਗਾਲਾ, ਹਾਜੀਪੁਰ, ਮਨਸੂਰਪੁਰ, ਨੌਸ਼ਹਿਰਾ, ਹਰਦੋਖੁੰਦਪੁਰ, ਕੌਲਪੁਰ, ਧਾਮੀਆਂ, ਹਰਸੇਮਾਨਸਰ, ਬਹਿਬਲ ਮੰਝ, ਦਾਤਾਰਪੁਰ, ਬੁਡਾ ਬੜ , ਪੰਡੋਰੀ, ਗੋਲੜਾਂ, ਪੰਜਢੇਰੀ ਕਲਾਂ

**ਬਲਾਕ ਗੜ੍ਹਸ਼ੰਕਰ ਦੀਆਂ ਮੰਡੀਆਂ ਦੇ ਨਾਮ:**

ਗੜ੍ਹਸ਼ੰਕਰ, ਮਾਹਿਲਪੁਰ, ਕੋਟ ਫਤੂਹੀ, ਮੋਰਾਂਵਾਲੀ, ਰੋੜ ਮਜਾਰੀ, ਪਨਾਮ, ਮੇਘੋਵਾਲ, ਬਾੜੀਆਂ ਕਲਾਂ, ਠੀਂਡਾ, ਪੰਜੌੜ, ਸਮੁੰਦੜਾ, ਸੈਲਾ ਖੁਰਦ, ਸਹਿਰਾਣਾ ਕਲਾਂ , ਟੋਡਰਪੁਰ, ਦਿਹਾਣਾ।